**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ**
**ਪੰਜਵੀਂ ਮੰਜ਼ਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8,ਐਸ.ਏ.ਐਸ.ਨਗਰ**
**(ਵਜੀਫਾ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ./ਐ.ਸਿ.),
ਸਮੂਹ ਸਕੂਲ ਮੁਖੀ,ਪੰਜਾਬ।

ਮੀਮੋ ਨੰ. 6/3-2019 ਵਜੀਫਾ(2)/2022।੧੬੧੦
ਮਿਤੀ- ੧੨-੦੧-੨੦੨੨

ਵਿਸ਼ਾ:- **ਨੈਸ਼ਨਲ ਸਕਾਲਰਸਿਪ ਪੋਰਟਲ ਤੇ ਦਿਵਿਆਂਗ ਵਿਦਿਆਰਥੀਆਂ ਦੀਆਂ ਵਜੀਫਾ ਸਕੀਮਾਂ ਅਧੀਨ ਪ੍ਰਾਪਤ ਅਰਜੀਆਂ ਵੈਰੀਫਾਈ ਕਰਨ ਅਤੇ ਅਧਾਰ ਅਥੈਂਟੀਕੇਸ਼ਨ ਦਾ ਕੰਮ ਮੁਕੰਮਲ ਕਰਵਾਉਣ ਸਬੰਧੀ।**

ਹਵਾਲਾ:- **ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਦੇ ਪੱਤਰ ਨੰ. ਸੀ-2(ਸਸ)/2022/2718-20 ਮਿਤੀ 11-01-2022 ਸਬੰਧੀ।**

1.0 ਉਕਤ ਵਿਸੇ ਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਡਿਪਟੀ ਸਕੱਤਰ (ਸਕਾਲਰਸ਼ਿਪ), ਇੰਮਪਾਵਰਮੈਂਟ ਆਫ ਪਰਸਨਜ ਵਿਦ ਡਿਸਏਬਿਲਟੀਜ ਮਨਿਸਟਰੀ ਆਫ ਸ਼ੋਸ਼ਲ ਜਸਟਿਸ ਐਂਡ ਇੰਮਪਾਵਰਮੈਂਟ ਭਾਰਤ ਸਰਕਾਰ ਵੱਲੋਂ ਮਿਤੀ 11-01-2022 ਨੂੰ ਵੱਖ-ਵੱਖ ਰਾਜਾਂ/ਕੇਂਦਰ ਪ੍ਰਸ਼ਾਸ਼ਿਤ ਪ੍ਰਦੇਸ਼ਾਂ ਦੇ ਸਟੇਟ ਨੋਡਲ ਅਫਸਰਾਂ ਨਾਲ ਆਨਲਾਈਨ ਮੀਟਿੰਗ ਕੀਤੀ ਅਤੇ ਮੀਟਿੰਗ ਦੌਰਾਨ ਹੇਠਾਂ ਦਰਸਾਏ ਅਨੁਸਾਰ ਦਿਸਾ ਨਿਰਦੇਸ਼ ਦਿੱਤੇ ਗਏ ਹਨ:-

1) ਨੈਸ਼ਨਲ ਸਕਾਲਰਸਿਪ ਪੋਰਟਲ ਤੇ ਪ੍ਰੀ ਮੈਟ੍ਰਿਕ , ਪੋਸਟ ਮੈਟ੍ਰਿਕ ਅਤੇ ਟਾਪ ਕਲਾਸ ਸਕਾਲਰਸਿਪ ਅਧੀਨ ਯੋਗ ਦਿਵਿਆਂਗ ਉਮੀਦਵਾਰਾਂ ਤੋਂ ਪ੍ਰਾਪਤ ਅਰਜੀਆਂ ਨੂੰ ਸੰਸਥਾਵਾਂ/ਸਕੂਲ ਪੱਧਰ ਤੇ ਸਬੰਧਤ ਇਨਸਟੀਚਿਊਟ ਨੋਡਲ ਅਫਸਰ ਵੱਲੋਂ ਇਹਨਾਂ ਅਰਜੀਆਂ ਨੂੰ ਵੈਰੀਫਾਈ ਕਰਨ ਦੀ ਅੰਤਿਮ ਮਿਤੀ 15-01-2022 ਹੈ। ਇਸ ਲਈ ਸਬੰਧਤ ਸੰਸਥਾਵਾਂ/ਸਕੂਲ ਦੇ ਇਨਸਟੀਚਿਊਟ ਨੋਡਲ ਅਫਸਰ ਵੱਲੋਂ ਇਹਨਾਂ ਅਰਜੀਆਂ ਨੂੰ ਅੰਤਿਮ ਮਿਤੀ ਤੋਂ ਪਹਿਲਾਂ-ਪਹਿਲਾਂ ਵੈਰੀਫਾਈ ਕੀਤਾ ਜਾਵੇ।
2) ਪੰਜਾਬ ਰਾਜ ਦੇ ਵਿੱਚ ਚੱਲ ਰਹੀਆਂ ਸੰਸਥਾਵਾਂ/ਸਕੂਲ ਦੇ ਸਬੰਧਤ ਇਨਸਟੀਚਿਊਟ ਨੋਡਲ ਅਫਸਰ ਵੱਲੋਂ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਅਧਾਰ ਅਥੈਂਟੀਕੇਸ਼ਨ ਲੰਬਿਤ ਪਈ ਹੈ, ਜਿਸ ਤੋਂ ਬਿਨਾਂ ਸਬੰਧਤ ਸੰਸਥਾ/ਸਕੂਲ ਦੇ ਇਨਸਟੀਚਿਊਟ ਨੋਡਲ ਅਫਸਰ ਵੱਲੋਂ ਸਕਾਲਰਸਿਪ ਪੋਰਟਲ ਤੇ ਯੋਗ ਦਿਵਿਆਂਗ ਉਮੀਦਵਾਰਾਂ ਦੀਆਂ ਅਰਜੀਆਂ ਨੂੰ ਵੈਰੀਫਾਈ ਨਹੀਂ ਕੀਤਾ ਜਾ ਸਕਦਾ। ਇਸ ਲਈ ਸੰਸਥਾਂ/ ਸਕੂਲ ਦੇ ਸਬੰਧਤ ਇਨਸਟੀਚਿਊਟ ਨੋਡਲ ਅਫਸਰ ਵੱਲੋਂ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਜਲਦ ਤੋਂ ਜਲਦ ਆਪਣੀ Demo Authentication ਕਰਵਾਈ ਜਾਵੇ।

2.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.) ਅਤੇ ਸਮੂਹ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਉਕਤ ਦਿਸ਼ਾ-ਨਿਰਦੇਸਾਂ ਅਨੁਸਾਰ ਯੋਗ ਦਿਵਿਆਂਗ ਉਮੀਦਵਾਰਾਂ ਤੋਂ ਪ੍ਰਾਪਤ ਅਰਜੀਆਂ ਨੂੰ ਨਿਸਚਿਤ ਸਮੇਂ ਦੇ ਅੰਦਰ-ਅੰਦਰ ਵੈਰੀਫਾਈ ਕੀਤਾ ਜਾਵੇ ਅਤੇ ਅਧਾਰ ਅਥੈਂਟੀਕੇਸ਼ਨ ਦਾ ਕੰਮ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

**ਸਹਾਇਕ ਡਾਇਰੈਕਟਰ ਵਜੀਫਾ**
**ਮਿਤੀ ਉਕਤ**

**ਪਿੱਠ ਅੰਕਣ ਨੰ. ਉਕਤ**

ਉਕਤ ਦਾ ਉਤਾਰਾ ਸੰਯੁਕਤ ਡਾਇਰੈਕਟਰ, ਸਮਾਜਿਕ ਸੁਰੱਖਿਆਂ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ,ਪੰਜਾਬ ਨੂੰ ਪੱਤਰ ਨੰ. ਸੀ-2(ਸਸ)/2022/2718-20 ਮਿਤੀ 11-01-2022 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

**ਸਹਾਇਕ ਡਾਇਰੈਕਟਰ ਵਜੀਫਾ**